# ਭਗਤ ਨਾਮਦੇਵ - ਸਬਦ ੪੧

## ਮੈ ਬਉਰੀ ਮੇਰਾ ਰਾਮੁ ਭਤਾਰੁ ॥

### ਰਾਗੁ ਭੈਰਉ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੧੬੪

ਮੈ ਬਉਰੀ ਮੇਰਾ ਰਾਮੁ ਭਤਾਰੁ ॥
ਰਚਿ ਰਚਿ ਤਾ ਕਉ ਕਰਉ ਸਿੰਗਾਰੁ ॥੧॥
ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ॥
ਤਨੁ ਮਨੁ ਰਾਮ ਪਿਆਰੇ ਜੋਗੁ ॥੧॥ ਰਹਾਉ ॥
ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ ॥
ਰਸਨਾ ਰਾਮ ਰਸਾਇਨੁ ਪੀਜੈ ॥੨॥
ਅਬ ਜੀਅ ਜਾਨਿ ਐਸੀ ਬਨਿ ਆਈ ॥
ਮਿਲਉ ਗੁਪਾਲ ਨੀਸਾਨੁ ਬਜਾਈ ॥੩॥
ਉਸਤਤਿ ਨਿੰਦਾ ਕਰੈ ਨਰੁ ਕੋਈ ॥
ਨਾਮੇ ਸ੍ਰੀਰੰਗੁ ਭੇਟਲ ਸੋਈ ॥੪॥੪॥

ਸਾਰ: ਰੂਹਾਨੀ ਸੁਤੰਤਰਤਾ ਉਹ ਅੰਤਰੀਵੀ ਆਜ਼ਾਦੀ ਹੈ, ਜੋ ਲੋਕਾਂ ਦੁਆਰਾ ਦਿੱਤੇ ਜਾਣ ਵਾਲੇ ਨਿਰਣਿਆਂ ਦੇ ਡਰ ਜਾਂ ਸਮਾਜਿਕ ਪ੍ਰਵਾਨਗੀ ਦੀ ਲੋੜ ਤੋਂ ਮੁਕਤ ਹੋ ਕੇ ਜੀਵਨ ਬਤੀਤ ਕਰਨ ਦੇ ਯੋਗ ਬਣਾਉਂਦੀ ਹੈ। ਭਾਵੇਂ ਕਿਸੇ ਸਾਧਕ ਨੂੰ ਗਲਤ ਸਮਝਿਆ ਜਾਵੇ, ਉਸ ਉੱਤੇ ਸਵਾਲ ਉਠਾਏ ਜਾਣ ਜਾਂ ਉਸ ਦੀ ਆਲੋਚਨਾ ਕੀਤੀ ਜਾਵੇ, ਇਹ ਉਸਨੂੰ ਸੱਚਾਈ ਨਾਲ ਜੁੜੇ ਰਹਿਣ ਦੀ ਸਮਰੱਥਾ ਪ੍ਰਦਾਨ ਕਰਦੀ ਹੈ। ਪ੍ਰਸ਼ੰਸਾ ਉਸ ਦੇ ਅਹੰਕਾਰ ਨੂੰ ਨਹੀਂ ਵਧਾਉਂਦੀ ਅਤੇ ਨਾ ਹੀ ਆਲੋਚਨਾ ਉਸ ਦੀ ਅੰਤਰੀਵੀ ਸ਼ਾਂਤੀ ਭੰਗ ਕਰਦੀ ਹੈ। ਇਹ ਅਵਸਥਾ ਨਾ ਤਾਂ ਹੰਕਾਰ ਹੈ ਅਤੇ ਨਾ ਹੀ ਸਮਾਜ ਦੇ ਤਿਆਗ ਦੀ ਵਕਾਲਤ ਕਰਦੀ ਹੈ। ਇਹ ਉਸ ਰੂਹਾਨੀ ਸਾਹਸ ਦੀ ਪ੍ਰਤੀਕ ਹੈ, ਜਿਸ ਦੀ ਨੀਂਹ ਅਜਿਹੀ ਅੰਤਰ-ਆਤਮਾ ਉੱਤੇ ਟਿਕੀ ਹੈ ਜੋ ਦੂਜਿਆਂ ਦੇ ਵਿਚਾਰਾਂ ਨਾਲ ਪ੍ਰਭਾਵਿਤ ਹੋਣ ਦੀ ਬਜਾਏ ਆਪਣੇ ਅੰਦਰਲੇ ਸੱਚ ਦੀ ਆਵਾਜ਼ ਹੀ ਸੁਣਦੀ ਹੈ। ਅਜਿਹੀ ਅੰਤਰੀਵੀ ਪ੍ਰਭੂਸੱਤਾ ਨਿਮਰਤਾ, ਅਡੋਲਤਾ ਅਤੇ ਸਪਸ਼ਟਤਾ ਨਾਲ ਭਰਪੂਰ ਹੁੰਦੀ ਹੈ, ਜੋ ਸਾਨੂੰ ਕੋਮਲਤਾ ਅਤੇ ਦ੍ਰਿੜਤਾ ਨਾਲ ਮੂਲ ਏਕਤਾ ਦੀ ਸੱਚਾਈ ਵਿਚ ਅਡੋਲ ਰਹਿਣ ਦੀ ਸਮਰੱਥਾ ਪ੍ਰਦਾਨ ਕਰਦੀ ਹੈ।

ਮੈ ਬਉਰੀ ਮੇਰਾ ਰਾਮੁ ਭਤਾਰੁ ॥

ਮੈਂ ਦੀਵਾਨਾ ਹੋ ਗਿਆ ਹਾਂ; ਮੇਰੀ ਸਰਬਵਿਆਪਕ ਚੇਤਨਾ ਹੀ ਮੇਰੀ ਸਾਥਣ ਹੈ। ਇਹ ਏਕਮਤਾ ਦੇ ਸਿਧਾਂਤ ਪ੍ਰਤੀ ਅਟੁੱਟ ਸਮਰਪਣ ਦਾ ਪ੍ਰਤੀਕ ਹੈ।

ਰਚਿ ਰਚਿ ਤਾ ਕਉ ਕਰਉ ਸਿੰਗਾਰੁ ॥੧॥

ਤੇਰੀ ਹਜ਼ੂਰੀ ਵਿਚ ਲੀਨ ਹੋ ਕੇ ਮੈਂ ਆਪਣੇ ਆਪ ਨੂੰ ਸਜਾਉਂਦਾ ਹਾਂ। ਇਹ ਭਾਵ ਉਸ ਅੰਤਰੀਵੀ ਰੁਪਾਂਤ੍ਰਣ ਦਾ ਪ੍ਰਤੀਕ ਹੈ, ਜਿਸ ਰਾਹੀਂ ਮਨੁੱਖ ਆਪਣੇ ਅੰਦਰ ਉਹ ਗੁਣ ਵਿਕਸਿਤ ਕਰਦਾ ਹੈ, ਜੋ ਦੈਵੀ ਸਤਾ ਦੇ ਅਨੁਭਵ ਲਈ ਲੋੜੀਂਦੇ ਹਨ। (੧)

ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ॥

ਭਾਵੇਂ ਮੇਰੀ ਨਿੰਦਾ ਕੀਤੀ ਜਾਵੇ, ਭਾਵੇਂ ਮੇਰੇ ਬਾਰੇ ਬੁਰਾ ਬੋਲਿਆ ਜਾਵੇ, ਭਾਵੇਂ ਲੋਕ ਮੇਰੀ ਆਲੋਚਨਾ ਹੀ ਕਿਉਂ ਨਾ ਕਰਨ। ਇਹ ਭਾਵ ਰੂਹਾਨੀ ਸੁਤੰਤਰਤਾ ਦਾ ਪ੍ਰਤੀਕ ਹੈ, ਜੋ ਨਿਰਣੇ ਜਾਂ ਸਮਾਜਿਕ ਆਲੋਚਨਾ ਦੇ ਡਰ ਤੋਂ ਮੁਕਤ ਕਰਦਾ ਹੈ।

ਤਨੁ ਮਨੁ ਰਾਮ ਪਿਆਰੇ ਜੋਗੁ ॥੧॥ ਰਹਾਉ ॥

ਸਰੀਰ ਅਤੇ ਮਨ ਉਸ ਪਿਆਰੀ, ਸਰਬ-ਵਿਆਪਕ ਚੇਤਨਾ ਨਾਲ ਇਕਮਿਕ ਹੋ ਜਾਂਦੇ ਹਨ। ਇਹ ਭਾਵ ਪੂਰਨ ਇਕਸੁਰਤਾ ਦੀ ਅਵਸਥਾ ਨੂੰ ਦਰਸਾਉਂਦਾ ਹੈ, ਜਿਸ ਵਿਚ ਸਾਰੀਆਂ ਸਰੀਰਕ ਕਿਰਿਆਵਾਂ ਅਤੇ ਮਾਨਸਿਕ ਪ੍ਰਕਿਰਿਆਵਾਂ ਏਕਤਾ ਨੂੰ ਕਾਇਮ ਰੱਖਣ ਦੇ ਇਕੋ ਹੀ ਉਦੇਸ਼ ਨਾਲ ਸੁਰਬੱਧ ਹੋ ਜਾਂਦੀਆਂ ਹਨ। (੧)(ਠਹਿਰਾਉ)

ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ ॥

ਕਿਸੇ ਨਾਲ ਵੀ ਵਾਦ-ਵਿਵਾਦ ਜਾਂ ਤਕਰਾਰ ਵਿਚ ਨਾ ਪਵੋ। ਇਹ ਭਾਵ ਦਰਸਾਉਂਦਾ ਹੈ ਕਿ ਬੌਧਿਕ ਬਹਿਸਾਂ ਹਉਮੈਂ ਨੂੰ ਹੋਰ ਪ੍ਰਬਲ ਕਰਦੀਆਂ ਹਨ ਅਤੇ ਅੰਤਰਮੁਖੀ ਅਰਥਪੂਰਨ ਯਾਤਰਾ ਲਈ ਲੋੜੀਂਦੀ ਇਕਾਗਰਤਾ ਨੂੰ ਖਿੰਡਾ ਦਿੰਦੀਆਂ ਹਨ।

ਰਸਨਾ ਰਾਮ ਰਸਾਇਨੁ ਪੀਜੈ ॥੨॥
ਸਰਬ-ਵਿਆਪਕ ਚੇਤਨਾ ਦੇ ਤੱਤਸਾਰ ਦਾ ਰਸ ਮਾਣਦਿਆਂ ਉਸ ਦਾ ਪ੍ਰਗਟਾਵਾ ਕਰੋ। ਇਹ ਭਾਵ ਦਰਸਾਉਂਦਾ ਹੈ ਕਿ ਬੋਲੀ ਦੀ ਵਰਤੋਂ ਏਕਤਾ ਦੇ ਗਿਆਨ ਨੂੰ ਸਾਂਝਾ ਕਰਨ ਲਈ ਹੋਣੀ ਚਾਹੀਦੀ ਹੈ, ਨਾ ਕਿ ਟਕਰਾਅ, ਵਿਰੋਧ ਜਾਂ ਵੰਡ ਦੀ ਭਾਵਨਾ ਨੂੰ ਉਕਸਾਉਣ ਲਈ। (੨)

ਅਬ ਜੀਅ ਜਾਨਿ ਐਸੀ ਬਨਿ ਆਈ ॥
ਹੁਣ ਮੇਰਾ ਆਪਾ ਸਮਝਦਾ ਹੈ ਕਿ ਅਜਿਹੀ ਅਵਸਥਾ ਦਾ ਰੂਪ ਧਾਰਨ ਕੀਤਾ ਜਾ ਚੁੱਕਾ ਹੈ। ਇਹ ਭਾਵ ਉਸ ਪਰਿਪੱਕਤਾ ਨੂੰ ਦਰਸਾਉਂਦਾ ਹੈ, ਜਿੱਥੇ ਸ਼ਰਧਾ ਉਧਾਰ ਲਏ ਹੋਏ ਵਿਸ਼ਵਾਸਾਂ ਤੋਂ ਮੁਕਤ ਹੋ ਜਾਂਦੀ ਹੈ। ਇਸ ਦੇ ਨਾਲ ਹੀ ਇਹ ਡਰ ਅਤੇ ਸੰਸਕਾਰਾਂ ਦੇ ਬੰਧਨਾਂ ਤੋਂ ਪਰੇ ਇਕ ਨਿੱਜੀ ਅਨੁਭਵਮਈ ਯਾਤਰਾ ਵੀ ਬਣ ਜਾਂਦੀ ਹੈ।

ਮਿਲਉ ਗੁਪਾਲ ਨੀਸਾਨੁ ਬਜਾਈ ॥੩॥
ਮੈਂ ਸਰਬ-ਵਿਆਪਕ ਤੱਤਸਾਰ ਨੂੰ ਭਾਲ ਲਿਆ ਹੈ, ਅਤੇ ਹੁਣ ਮੈਂ ਡੰਕਾ ਵਜਾ ਕੇ ਇਸ ਦਾ ਪ੍ਰਗਟਾਵਾ ਕਰਾਂਗਾ। ਇਹ ਦ੍ਰਿੜ੍ਹ ਐਲਾਨ ਦਰਸਾਉਂਦਾ ਹੈ ਕਿ ਆਪਣੀ ਮੂਲ ਸੱਤਾ ਨਾਲ ਸਾਡਾ ਸੰਬੰਧ ਸੱਚ-ਸਰੂਪ ਹੈ, ਜਿਸ ਨੂੰ ਖੁੱਲ੍ਹੇ ਦਿਲ ਅਤੇ ਆਨੰਦਮਈ ਭਾਵਨਾ ਨਾਲ ਪ੍ਰਗਟ ਕਰਨਾ ਅਤੇ ਉਤਸਵ ਦੀ ਤਰ੍ਹਾਂ ਮਨਾਉਣਾ ਚਾਹੀਦਾ ਹੈ। (੩)

ਉਸਤਤਿ ਨਿੰਦਾ ਕਰੈ ਨਰੁ ਕੋਈ ॥
ਕੋਈ ਪ੍ਰਸ਼ੰਸਾ ਕਰੇ ਜਾਂ ਨਿੰਦਾ। ਇਹ ਭਾਵ ਸਮ-ਅਵਸਥਾ ਨੂੰ ਦਰਸਾਉਂਦਾ ਹੈ, ਜਿੱਥੇ ਸਾਡੀ ਅੰਤਰ-ਆਤਮਾ ਪ੍ਰਸ਼ੰਸਾ ਅਤੇ ਨਿੰਦਾ ਦੇ ਵਿਰੋਧੀ ਪ੍ਰਭਾਵਾਂ ਤੋਂ ਅਡੋਲ ਰਹਿੰਦੀ ਹੈ।

ਨਾਮੇ ਸ੍ਰੀਰੰਗੁ ਭੇਟਲ ਸੋਈ ॥੪॥੪॥
ਨਾਮਦੇਵ ਆਖਦੇ ਹਨ ਕਿ ਅਜਿਹੀ ਅਵਸਥਾ ਅੰਦਰ ਸਰਬ-ਵਿਆਪਕ ਸਤਾ ਦਾ ਅਨੁਭਵ ਹੁੰਦਾ ਹੈ। ਇਹ ਭਾਵ ਉਸ ਮਨੋਬਿਰਤੀ ਨੂੰ ਦਰਸਾਉਂਦਾ ਹੈ ਜਿਸ ਵਿਚ ਨਿੱਜਤਵ ਸਰਬ-ਵਿਆਪਕਤਾ ਵਿਚ ਲੀਨ ਹੋ ਜਾਂਦਾ ਹੈ ਅਤੇ ਵਿਛੋੜੇ ਬਾਰੇ ਲੋਕ-ਰਾਇ ਪ੍ਰਭਾਵਹੀਣ ਹੋ ਜਾਂਦੀ ਹੈ। (੪)(੪)

ਤੱਤ: ਭਗਤ ਨਾਮਦੇਵ ਆਖਦੇ ਹਨ ਕਿ ਸਰਬ-ਵਿਆਪਕਤਾ ਨੂੰ ਧਾਰਨ ਕਰਨਾ ਪਦਾਰਥਿਕ ਭੱਜ ਦੌੜ ਵਿਚ ਖਚਿਤ ਜਨਾਂ ਨੂੰ ਅਸਧਾਰਨ ਜਾਪ ਸਕਦਾ ਹੈ। ਇਸ ਮਾਰਗ ਉੱਤੇ ਪ੍ਰਸ਼ੰਸਾ ਅਤੇ ਨਿੰਦਾ ਦੋਵੇਂ ਸਾਡੇ ਨਾਲ ਚਲਦੀਆਂ ਹਨ; ਪਰ ਇਸ ਨੂੰ ਆਪਣੀ ਸਿਮਰਤੀ ਵਿਚ ਰੱਖਣਾ ਬਹੁਤ ਅਹਿਮ ਹੈ ਕਿ ਇਹ ਵਿਚਾਰ ਸਾਡੀ ਅਸਲੀਅਤ ਨੂੰ ਨਿਰਧਾਰਤ ਨਹੀਂ ਕਰਦੇ। ਆਤਮਕ ਬੋਧ ਦੀ ਇਹ ਅਵਸਥਾ ਅਜਿਹੀ ਸੁਰਤ ਨੂੰ ਵਿਗਸਤ ਕਰਦੀ ਹੈ ਜੋ ਸਾਨੂੰ ਹਉਮੈ-ਪ੍ਰੇਰਿਤ ਪ੍ਰਾਪਤੀਆਂ ਦੀ ਦੌੜ ਤੋਂ ਦੂਰ ਲੈ ਜਾਂਦੀ ਹੈ। ਜਿਸ ਨਾਲ ਇਹ ਦੌੜ ਅੰਤ ਵਿਚ ਨਿਰਾਰਥਕ ਸਾਬਤ ਹੁੰਦੀ ਹੈ। ਜਾਗ੍ਰਿਤੀ ਦੀ ਇਸ ਅਵਸਥਾ ਵਿਚ ਸਾਨੂੰ ਆਪਣੇ ਅੰਦਰ ਵੱਸਦੀ ਸਰਬ-ਵਿਆਪਕ ਹਾਜ਼ਰਤਾ ਦੀ ਸਦੀਵੀ ਹੋਂਦ ਦਾ ਅਨੁਭਵ ਹੁੰਦਾ ਹੈ। ਜਿਸ ਸਦਕਾ ਸਾਡੀ ਅੰਤਰ-ਆਤਮਾ ਆਖ਼ਿਰ ਉਸ ਉਦੇਸ਼ ਪ੍ਰਾਪਤੀ ਨੂੰ ਮਹਿਸੂਸ ਕਰਦੀ ਹੈ ਜਿਸ ਦੀ ਭਾਲ ਉਹ ਸਦਾ ਤੋਂ ਕਰਦੀ ਆ ਰਹੀ ਸੀ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**